# ਇੰਟਰਾਵੀਨਸ ਫੈਂਟਾਨਿਲ ਬਾਰੇ ਜਾਣਕਾਰੀ
# Information about Intravenous Fentanyl

www.bcwomens.ca

## ਫੈਂਟਾਨਿਲ ਕੀ ਹੈ?

ਇਹ ਦਰਦ ਤੋਂ ਆਰਾਮ ਦੇਣ ਵਾਲੀ ਇਕ ਤਾਕਤਵਰ ਦਵਾਈ (ਨਸ਼ੀਲੀ ਦਵਾਈ) ਹੈ। ਲੇਬਰ ਦੀਆਂ ਪੀੜਾਂ ਵਿਚ ਤੁਹਾਡੀ ਬਿਹਤਰ ਮਦਦ ਕਰਨ ਲਈ ਇਹ ਤੁਹਾਨੂੰ ਦਿੱਤੀ ਜਾ ਸਕਦੀ ਹੈ। ਕੁਝ ਔਰਤਾਂ ਦਾ ਕਹਿਣਾ ਹੈ ਕਿ ਇਹ ਦਵਾਈ ਦਰਦ ਦੀ ਤੇਜ਼ੀ ਘੱਟ ਕਰਦੀ ਹੈ ਅਤੇ ਉਹ ਦਰਦ ਨੂੰ ਬਿਹਤਰ ਸਹਿ ਸਕੀਆਂ ਹਨ। ਇਹ ਬਹੁਤ ਸਾਰੀ ਦਰਦ ਹਟਾ ਦੇਵੇਗੀ ਪਰ ਸਾਰੀ ਨਹੀਂ। ਲੇਬਰ ਦੀ ਸਾਰੀ ਦਰਦ ਘਟਾਉਣ ਲਈ ਦਵਾਈ ਦੀ ਜ਼ਿਆਦਾ ਮਾਤਰਾ ਨਾਲ ਤੁਹਾਨੂੰ ਬਹੁਤ ਨੀਂਦ ਆਵੇਗੀ ਅਤੇ ਇਸ ਨਾਲ ਤੁਹਾਡੀ ਸਾਹ ਲੈਣ ਦੀ ਸਮਰੱਥਾ ਘਟ ਜਾਵੇਗੀ। ਅਜਿਹਾ ਤੁਹਾਡੇ ਲਈ ਖ਼ਤਰਨਾਕ ਹੋ ਸਕਦਾ ਹੈ।

## ਇਹ ਕਿਵੇਂ ਦਿੱਤੀ ਜਾਂਦੀ ਹੈ?

ਇਹ ਤੁਹਾਨੂੰ ਇਸ ਤਰੀਕੇ ਨਾਲ ਦਿੱਤੀ ਜਾਂਦੀ ਹੈ ਕਿ ਇਹ ਤੁਹਾਡੇ ਲਈ ਅਤੇ ਤੁਹਾਡੇ ਬੱਚੇ ਲਈ ਸੁਰੱਖਿਅਤ ਰਹੇ।

- ਸਭ ਤੋਂ ਪਹਿਲਾਂ ਨਰਸ ਤੁਹਾਡੇ ਹੱਥ ਜਾਂ ਬਾਂਹ ਵਿਚ ਇਕ ਟਿਊਬ ਚਾੜ੍ਹੇਗੀ ਜਿਸ ਨੂੰ ਇੰਟਰਾਵੀਨਸ ਜਾਂ ਆਈ ਵੀ ਕਿਹਾ ਜਾਂਦਾ ਹੈ।
- ਤੁਹਾਡੀ ਨਰਸ, ਡਾਕਟਰ, ਜਾਂ ਮਿਡਵਾਈਫ ਇਸ ਟਿਊਬ ਰਾਹੀਂ ਤੁਹਾਨੂੰ ਦਵਾਈ ਦਿੰਦੇ ਹਨ ਜਾਂ ਤੁਸੀਂ ਆਪ, ਆਈ ਵੀ ਰਾਹੀਂ ਆਪਣੇ ਆਪ ਨੂੰ ਇਕ ਪੰਪ ਨਾਲ ਦਵਾਈ ਦੇ ਸਕਦੇ ਹੋ, ਜਿਸ ਦਾ ਕੰਟਰੋਲ ਤੁਹਾਡੇ ਹੱਥ ਵਿਚ ਹੁੰਦਾ ਹੈ। ਇਸ ਨੂੰ ਪੇਸ਼ੈਂਟ ਕੰਟਰੋਲਡ ਪੰਪ (ਮਰੀਜ਼ ਦੇ ਕੰਟਰੋਲ ਹੇਠਲਾ ਪੰਪ) ਕਿਹਾ ਜਾਂਦਾ ਹੈ। ਜੇ ਤੁਸੀਂ ਪੰਪ ਵਰਤ ਰਹੇ ਹੋ ਤਾਂ ਤੁਸੀਂ ਆਪਣੇ ਆਪ ਨੂੰ ਬਹੁਤ ਜ਼ਿਆਦਾ ਦਵਾਈ ਨਹੀਂ ਦੇ ਸਕਦੇ ਕਿਉਂਕਿ ਪੰਪ, ਦਵਾਈ ਦੀਆਂ ਸਿਰਫ਼ ਸੁਰੱਖਿਅਤ ਡੋਜ਼ਾਂ ਦੀ ਹੀ ਆਗਿਆ ਦਿੰਦਾ ਹੈ।

## ਫੈਂਟਾਨਿਲ ਦੇ ਸਾਈਡ ਇਫੈਕਟ

- ਤੁਹਾਨੂੰ ਨੀਂਦ ਆ ਸਕਦੀ ਹੈ।
- ਤੁਹਾਡਾ ਸਾਹ ਹੌਲੀ ਹੋ ਸਕਦਾ ਹੈ। ਜੇ ਅਜਿਹਾ ਹੁੰਦਾ ਹੈ ਤਾਂ ਕੁਝ ਔਰਤਾਂ ਨੂੰ ਆਕਸੀਜਨ ਦੇਣ ਅਤੇ ਉਨ੍ਹਾਂ 'ਤੇ ਨੇੜਿਉਂ ਨਿਗ੍ਹਾ ਰੱਖਣ ਦੀ ਲੋੜ ਪੈਂਦੀ ਹੈ।
- ਤੁਹਾਨੂੰ ਆਪਣੇ ਢਿੱਡ ਵਿਚ ਗੜਬੜ ਮਹਿਸੂਸ ਹੋ ਸਕਦੀ ਹੈ। ਹੋਰ ਨਸ਼ੀਲੀਆਂ ਦਵਾਈਆਂ ਦੇ ਮੁਕਾਬਲੇ ਫੈਂਟਾਨਿਲ ਨਾਲ ਅਜਿਹਾ ਘੱਟ ਹੁੰਦਾ ਹੈ।

**ਸਾਈਡ ਇਫੈਕਟ ਜਾਰੀ...**

- ਫੈਂਟਾਨਿਲ ਔਲ (ਪਲੈਸੈਂਟਾ) ਨੂੰ ਪਾਰ ਕਰਕੇ ਤੁਹਾਡੇ ਬੱਚੇ ਤੱਕ ਜਾਂਦੀ ਹੈ। ਇਸ ਦੇ ਨਤੀਜੇ ਵਜੋਂ, ਤੁਹਾਡਾ ਬੱਚਾ ਵੀ ਨੀਂਦ ਵਿਚ ਹੋ ਸਕਦਾ ਹੈ ਅਤੇ ਹੋ ਸਕਦਾ ਜਨਮ ਵੇਲੇ ਪੂਰੀ ਤਰ੍ਹਾਂ ਸਾਹ ਨਾ ਲੈਂਦਾ ਹੋਵੇ। ਜੇ ਅਜਿਹਾ ਹੁੰਦਾ ਹੈ ਤਾਂ ਤੁਹਾਡੇ ਬੱਚੇ ਨੂੰ ਇਕ ਦਵਾਈ ਦਿੱਤੀ ਜਾ ਸਕਦੀ ਹੈ ਜਿਸ ਨੂੰ ਨਾਲੌਕਸਨ ਕਿਹਾ ਜਾਂਦਾ ਹੈ...ਨਾਲੌਕਸਨ ਤੁਹਾਡੇ ਬੱਚੇ ਨੂੰ ਉਸ ਦੀ ਲੱਤ ਦੇ ਪੱਠੇ ਵਿਚ ਟੀਕੇ ਰਾਹੀਂ ਦਿੱਤੀ ਜਾਂਦੀ ਹੈ। ਕਦੇ ਕਦੇ, ਜੇ ਤੁਹਾਨੂੰ ਫੈਂਟਾਨਿਲ ਦੀ ਵੱਡੀ ਡੋਜ਼ ਦਿੱਤੀ ਗਈ ਹੈ ਤਾਂ ਤੁਹਾਡੇ ਬੱਚੇ ਦੇ ਸਾਹ 'ਤੇ ਕਈ ਘੰਟੇ ਨੇੜਿਉਂ ਨਿਗ੍ਹਾ ਰੱਖੀ ਜਾ ਸਕਦੀ ਹੈ।
- ਤੁਹਾਡੇ ਬੱਚੇ ਨੂੰ ਦੁੱਧ ਚੁੰਘਣਾ ਸ਼ੁਰੂ ਕਰਨ ਵਿਚ ਮੁਸ਼ਕਲ ਆ ਸਕਦੀ ਹੈ ਕਿਉਂਕਿ ਉਹ ਸੁੱਤਾ ਹੁੰਦਾ ਹੈ ਅਤੇ ਆਪਣੇ ਬੱਚੇ ਨੂੰ ਦੁੱਧ ਚੁੰਘਾਉਣ ਲਈ ਤੁਹਾਨੂੰ ਹੋਰ ਮਦਦ ਦੀ ਲੋੜ ਪੈ ਸਕਦੀ ਹੈ। ਤੁਹਾਡੀ ਨਰਸ ਅਤੇ/ਜਾਂ ਦੁੱਧ ਚੁੰਘਾਉਣ ਬਾਰੇ ਸਲਾਹਕਾਰ (ਲਕਟੇਸ਼ਨ ਕਨਸਲਟੇਂਟ) ਬੱਚੇ ਨੂੰ ਦੁੱਧ ਚੁੰਘਾਉਣ ਵਿਚ ਮਦਦ ਕਰ ਸਕਦੀਆਂ ਹਨ।

## ਇਹ ਕੀ ਨਹੀਂ ਕਰਦੀ?

- ਫੈਂਟਾਨਿਲ ਤੁਹਾਡੀ ਸਾਰੀ ਦਰਦ ਨਹੀਂ ਹਟਾਏਗੀ।
- ਫੈਂਟਾਨਿਲ ਦਰਦ ਤੋਂ ਇੰਨਾ ਆਰਾਮ ਨਹੀਂ ਦਿੰਦੀ ਕਿ ਤੁਹਾਡਾ ਡਾਕਟਰ/ਮਿਡਵਾਈਫ ਤੁਹਾਡੇ ਬੱਚੇ ਦੀ ਪੈਦਾਇਸ਼ ਫੋਰਸਿਪਸ ਜਾਂ ਵੈਕਿਊਮ ਦੀ ਵਰਤੋਂ ਕਰਕੇ ਕਰ ਸਕਣ।
- ਜੇ ਤੁਹਾਡੀ ਲੇਬਰ ਬਹੁਤ ਲੰਮੀ ਹੋ ਜਾਵੇ ਤਾਂ ਹੋ ਸਕਦਾ ਇਹ ਦਵਾਈ ਬਾਅਦ ਵਿਚ ਇੰਨੀ ਮਦਦ ਨਾ ਕਰੇ ਅਤੇ ਤੁਹਾਨੂੰ ਦਰਦ ਤੋਂ ਆਰਾਮ ਦੀ ਕੋਈ ਹੋਰ ਦਵਾਈ ਦੇਣ ਦੀ ਲੋੜ ਪੈ ਸਕਦੀ ਹੈ।

**4500 Oak Street, Vancouver, B.C. V6H 3N1 Phone: 604-875-2424**

**© BC Women's Hospital & Health Centre - September 2006 - BCW#766 [Punjabi]**